ਸੁਰਤ

(ਲੇਖਕ: ਬਲਵਿੰਦਰ ਸਿੰਘ)

ਬਹੁਤ ਕਰਕੇ ਅਸੀਂ ਸਾਰੇ ਬੇ-ਸੁਰਤ ਹੀ ਰਹਿੰਦੇ ਹਾਂ। ਸੁਰਤ ਤੋਂ ਨਿਖੁੱਟੇ ਹੋਏ, ਹਾਰੇ ਤੇ ਨਿਖੁੱਟੇ ਹੋਏ ਭੱਜੇ ਫਿਰਦੇ ਹਾਂ। ਸੁਰਤ ਆ ਜਾਏ ਤਾਂ ਸ਼ਾਇਦ ਕੁੱਝ ਚੈਨ ਵੀ ਆਏ।

ਗੁਰਮਤਿ ਵਿੱਚ ਸੁਰਤ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਸੁਰਤ ਦਾ ਸੰਬੰਧ ਵਿਚਾਰ ਨਾਲ ਹੈ। ਮਨ ਦੀਆਂ ਚਿਤਾਵਨੀਆਂ, ਭੱਜਾਂ-ਦੌੜਾਂ ਅਤੇ ਭਟਕਣਾਂ ਨੂੰ ਕਾਬੂ ਕਰਕੇ, ਵਿਚਾਰ ਦੀ ਸਹਾਇਤਾ ਨਾਲ ਸੁਰਤੀ ਦੇ ਮਾਰਗ ਤੇ ਲਿਆਉਣਾ ਹੈ।

-ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥ (੧੩੨੯)

ਦਰਅਸਲ ਜਿਸ ਰਾਹ ਤੇ ਦੁਨੀਆਂ ਚੱਲ ਰਹੀ ਹੈ, ਉਹ ਮਾਰਗ ਤੁਰਤ ਫੁਰਤ ਦਾ ਤਾਂ ਹੈ, ਸੁਰਤ ਦਾ ਨਹੀਂ। ਦਨੀਆਂ ਮੁਤਾਬਕ ਇਹ ਰਾਹ ਸਿੱਧਾ ਹੈ ਪਰ ਗੁਰਮਤਿ ਅਨੁਸਾਰ ਇਸ ਤੋਂ ਨਿਵੇਕਲਾ, ਅਲੱਗ ਬਲਕਿ ਉਲਟ ਚੱਲਣਾ ਸੁਰਤੀ ਦਾ ਮਾਰਗ ਹੈ। ਜਦੋਂ ਭਰਮ ਭੁਲੇਖੇ ਵਿੱਚ ਮਨੁੱਖ ਭੱਜਦਾ ਹੈ ਤਾਂ ਅਕਾਲ ਪੁਰਖ ਵੱਲ ਉਸ ਦੀ ਪਿੱਠ ਹੋ ਜਾਂਦੀ ਹੈ। ਉਸਦੀ ਸਾਰੀ ਦੌੜ ਭੱਜ ਉਸ ਨੂੰ ਵਾਹਿਗੁਰੂ ਤੋਂ ਦੂਰ ਕਰੀ ਜਾਂਦੀ ਹੈ। ਗੁਰੂ ਕ੍ਰਿਪਾਲ ਜੇ ਕ੍ਰਿਪਾ ਕਰ ਦੇਵੇ ਤੇ ਮਨੁੱਖ ਗੁਰੂ ਵੱਲ ਮੁੱਖ ਕਰਕੇ ਤੁਰਨਾ ਸ਼ੁਰੂ ਕਰ ਦਏ, ਵਗਦੇ ਰਾਹ ਤੋਂ ਉਲਟ ਤੁਰ ਪਏ (ਦੁਨੀਆਂ ਨੂੰ ਉਲਟਾ ਹੀ ਜਾਪੇਗਾ) ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸੁਰਤ ਜਾਗ ਪਈ। ਪਾਂਧੀ ਸੁਰਤ ਦੇ ਮਾਰਗ ਤੇ ਚੱਲ ਪਿਆ।

ਐਸਾ ਸੰਭਵ ਹੈ ਕਿ ਕੋਈ ਬੰਦਾ ਘਰ ਬਾਰ ਤਿਆਗ, ਧਨ ਦੌਲਤ ਨੂੰ ਤਿਲਾਂਜਲੀ ਦੇ, ਟੱਰਬਟੀਰ ਸਾਰਿਆਂ ਤੋਂ ਵਿਛੜ, ਉਦਾਸੀ ਹੋ ਜਾਏ ਅਤੇ ਇਤਨਾ ਕੁਝ ਕਰਨ ਤੇ ਵੀ ਦ੍ਰਿੜ੍ਹਤਾ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਸਿੱਧੇ ਮਾਰਗ ਤੇ ਚੱਲ ਰਿਹਾ ਹੈ। ਗੁਰਮਤਿ ਐਸੇ ਪਾਂਧੀ ਨੂੰ ਨਾ ਸਲਾਹੁੰਦੀ ਹੈ ਤੇ ਨਾ ਸਤਿਕਾਰਦੀ ਹੈ। ਜਿਹੜਾ ਮਨੁੱਖ ਦੁਨੀਆਂ ਵਿੱਚ ਰਹਿੰਦਿਆਂ, ਗ੍ਰਿਹਸਤ ਵਿੱਚ ਵਿਚਰਦਿਆਂ, ਘਰ ਬਾਰੀ ਹੋ ਕੇ ਵਿਹਾਰ ਵਪਾਰ ਕਰਦਿਆਂ, ਵਾਹਿਗੁਰੂ ਤੇ ਨਿਸਚਾ ਰੱਖਦਿਆਂ, ਆਪਣੀ ਮੰਜ਼ਿਲ ਵੱਲ ਵੱਧ ਰਿਹਾ ਹੈ, ਉਹ ਗ੍ਰਿਹੀ ਨਿਰਾ ਉਦਾਸੀ ਹੀ ਨਹੀਂ, ਸਗੋਂ ਕਿਸੇ ਉਦਾਸੀ ਤੋਂ ਬਹੁਤ ਵਧੇਰੇ ਬੇਹਤਰ ਹੈ। ਨਿਰੀਆਂ ਲੱਤਾਂ ਮਾਰਨ ਨਾਲ ਮਾਰਗ ਕੱਢਿਆ ਤਾਂ ਜਾ ਸਕਦਾ ਹੈ, ਪਰ ਮੰਜ਼ਿਲ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਦੇਵ ਫੁਰਮਾਉਂਦੇ ਹਨ, ਇਹੀ ਤਾਂ ਦੇਖਣਾ ਹੈ ਕਿ ਕੌਣ ਗ੍ਰਿਹੀ ਹੈ ਤੇ ਕੌਣ ਉਦਾਸੀ। ਸੁਰਤ ਦਾ ਜਾਗਣਾ ਤੇ ਫਿਰ ਉਸ ਦਾ ਬਲਵਾਨ ਹੋਣਾ ਇਹੀ ਸਫ਼ਲਤਾ ਹੈ। ਇਹੀ ਹੈ ਸੁਰਤ ਦਾ ਮਾਰਗ।

ਸੁਰਤ ਦੇ ਗਵਾਚੇ ਹੋਣ ਦੀ ਇੱਕੋ ਹੀ ਉਦਾਹਰਣ ਕਾਫ਼ੀ ਰਹੇਗੀ। ਇੱਕ ਮੋਚੀ ਸੜਕ ਕਿਨਾਰੇ ਬੈਠਾ ਜੁੱਤੀ ਗੰਢ ਰਿਹਾ ਸੀ। ਉਸ ਦੇ ਕੋਲੋਂ ਹੀ ਇੱਕ ਚੋਰ ਤੇ ਉਸਦੇ ਮਗਰ ਇੱਕ ਭੀੜ ਭੱਜੀ ਜਾ ਰਹੀ ਸੀ। ਉਨ੍ਹਾਂ ਦੇ ਮਗਰ ਜਾਂਦੇ ਸਿਪਾਹੀਆਂ ਨੇ ਮੋਚੀ ਪਾਸੋਂ ਪੁੱਛਿਆ-ਭਾਈ ਤੂੰ ਇਧਰ ਕੋਈ ਚੋਰ ਭੱਜਾ ਜਾਂਦਾ ਵੇਖਿਆ ਹੈ? ਤਾਂ ਮੋਚੀ ਨੇ ਉੱਤਰ ਦਿੱਤਾ-ਮੈਨੂੰ ਕੀ ਪਤਾ ਜੀ, ਮੈਂ ਤਾਂ ਜੁੱਤੀ ਪਿਆ ਗੰਢਦਾ ਸੀ। ਬੱਸ ਇਹੀ ਹਾਲ ਉਨ੍ਹਾਂ ਦਾ ਹੈ ਜਿਨ੍ਹਾਂ ਦੀ ਸੁਰਤ ਟਿਕਾਣੇ ਨਹੀਂ। ਉਹ ਚੰਮ ਵਿੱਚ ਹੀ ਖੁੱਭੇ ਹੋਏ ਹਨ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕੀ ਹੋ ਰਿਹਾ ਹੈ। ਸੁਰਤ ਸਭ ਤੋਂ ਉੱਪਰ ਹੈ ਅਤੇ ਪ੍ਰਧਾਨ ਹੈ। ਜਦ ਸੁਰਤ ਬਲਵਾਨ ਹੋਵੇਗੀ ਤਾਂ ਖੱਪ, ਰੌਲਾ ਤੇ ਮਨ ਦਾ ਸ਼ੋਰ ਮੁੱਕੇਗਾ।